a2zpapers.com

**Exam. Code : 112102**
**Subject Code : 5108**

**B.Design (Multimedia) 2nd Semester**

**ਪੰਜਾਬੀ (ਲਾਜ਼ਮੀ)**

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. 'ਸਾਹਿਤ ਅਤੇ ਲੋਕ ਸਾਹਿਤ' ਨਿਬੰਧ ਦਾ ਸਾਰ ਲਿਖੋ।

**ਜਾਂ**

'ਅੱਖਾਂ' ਨਿਬੰਧ ਦਾ ਵਿਸ਼ਾ ਵਸਤੂ ਲਿਖੋ। 10

2. ਸੰਤੋਖ ਸਿੰਘ ਧੀਰ ਦੀ ਕਹਾਣੀ 'ਸਾਂਝੀ ਕੰਧ' ਦਾ ਵਿਸ਼ਾ ਵਸਤੂ ਲਿਖੋ।

**ਜਾਂ**

ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਉਜਾੜ' ਦਾ ਸਾਰ ਲਿਖੋ। 10

3. ਸ਼ਬਦ ਤੋਂ ਕੀ ਭਾਵ ਹੈ ? ਮਿਸ਼ਰਤ ਅਤੇ ਸੰਯੁਕਤ ਸ਼ਬਦਾਂ ਵਿਚਲਾ ਅੰਤਰ ਮਿਸਾਲਾਂ ਦੇ ਕੇ ਸਪੱਸ਼ਟ ਕਰੋ।

**ਜਾਂ**

ਨਾਂਵ ਨੂੰ ਪਰਿਭਾਸ਼ਤ ਕਰਦੇ ਹੋਏ ਇਸ ਦੀਆਂ ਕਿਸਮਾਂ ਬਾਰੇ ਚਰਚਾ ਕਰੋ। 10

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚਨਾ ਕਰੋ :

(ੳ) ਵਿਦਿਆਰਥੀ ਅਤੇ ਅਨੁਸ਼ਾਸਨ

(ਅ) ਮੇਰੇ ਜੀਵਨ ਦਾ ਉਦੇਸ਼

(ੲ) ਇੰਟਰਨੈੱਟ ਦਾ ਮਹੱਤਵ। 5



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਪੰਜਾਬੀ ਪੁਰਾਰਵ ਵਿਗਿਆਨੀ ਦਇਆ ਰਾਮ ਸਾਹਨੀ ਨੇ ਹੜੱਪਾ ਦੇ ਸਥਾਨ ਉੱਤੇ ਖਿਲਰੀਆਂ ਹੱਡੀਆਂ ਅਤੇ ਇੱਟਾਂ ਦੇ ਅਧਾਰ ਤੇ ਇਸ ਦੀ ਪੁਰਾਤਤਵੀ ਮਹੱਤਤਾ ਨੂੰ ਪਛਾਣਿਆ। ਉਸ ਦੀ ਸਲਾਹ ਉਤੇ ਉਸ ਵੇਲੇ ਦੇ ਭਾਰਤ ਦੇ ਪੁਰਾਤਤਵ ਵਿਭਾਗ ਦੇ ਡਾਇਰੈਕਟਰ-ਜਨਰਲ ਸਰ ਜੌਹਨ ਮਾਰਸ਼ਲ ਨੇ ਇਸ ਥਾਂ ਦੀ ਖੁਦਵਾਈ ਅਰੰਭ ਕਰਵਾਈ। ਇਸ ਖੁਦਾਈ ਵਿਚੋਂ ਮਿਲੀਆਂ ਪੁਰਾਤਨ ਵਸਤਾਂ, ਹੱਡੀਆਂ, ਭਾਂਡਿਆਂ ਤੇ ਸੰਦਾਂ ਦੇ ਆਧਾਰ ਉਤੇ ਕੱਢੇ ਸਿੱਟੇ ਹੈਰਾਨੀਜਨਕ ਸਿੱਧ ਹੋਏ। ਪਤਾ ਲੱਗਾ ਕਿ ਹੜੱਪਾ ਸਭਿਆਚਾਰ ਆਰੀਆ ਦੇ ਆਉਣ ਤੋਂ ਪਹਿਲਾਂ ਪੰਜਾਬ, ਸਿੰਧ ਅਤੇ ਬਲੋਚਿਸਤਾਨ ਦੇ ਵਿਸ਼ਾਲ ਖੇਤਰ ਵਿਚ ਫੈਲਿਆ ਹੋਇਆ ਪ੍ਰਫੁਲਤ ਸਭਿਆਚਾਰ ਸੀ। ਇਸ ਨੂੰ ਸੰਸਾਰ ਦਾ ਸਭ ਤੋਂ ਪਹਿਲਾ ਸ਼ਹਿਰੀ ਸਭਿਆਚਾਰ ਮੰਨਿਆ ਜਾਂਦਾ ਹੈ। ਉਹ ਲੋਕ ਨਗਰ ਨਿਰਮਾਣ, ਮੂਰਤੀਕਾਰੀ, ਕੁੰਭਕਾਰੀ ਅਤੇ ਨੱਕਾਸ਼ੀ ਦੀਆਂ ਕਲਾਵਾਂ ਦੇ ਮਾਹਿਰ ਸਨ। ਹੜੱਪਾ ਕਾਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਇਹ ਮਾਤਰੀ ਪ੍ਰਧਾਨ ਸਮਾਜ ਸੀ। ਇਹ ਲੋਕ ਦੇਵੀ ਪੂਜਾ ਅਤੇ ਪ੍ਰਕਿਰਤੀ ਪੂਜਾ, ਖਾਸ ਕਰਕੇ ਧਰਤੀ ਮਾਂ ਦੇ ਰੂਪ ਵਿਚ ਸੰਕਲਪਨਾ ਅਤੇ ਪੂਜਾ ਦੇ ਧਾਰਨੀ ਸਨ। ਰੁੱਖ-ਪੂਜਾ ਅਤੇ ਨਾਗ-ਪੂਜਾ ਵੀ ਹੜੱਪਾ ਕਾਲ ਵਿਚ ਪ੍ਰਚਲਿਤ ਸੀ। ਦੇਵੀ, ਮਾਤਾਵਾਂ ਦੀ ਪੂਜਾ, ਕੰਜਕਾਂ ਦੀ ਪੂਜਾ, ਤੀਆਂ, ਕਰਵਾ ਚੌਥ ਆਦਿ ਸਾਰੇ ਤਿਉਹਾਰਾਂ ਦੀਆਂ ਤੰਦਾਂ ਇਸੇ ਕਾਲ ਦੀ ਸੰਸਕ੍ਰਿਤੀ ਨਾਲ ਸੰਬਧਿਤ ਹਨ। ਹੜੱਪਾ ਕਾਲ ਦਾ ਮੁੱਖ ਦੇਵਤਾ ਸ਼ਿਵ ਸੀ। ਦੇਵੀ ਮਾਂ ਅਤੇ ਧਰਤੀ ਮਾਂ ਦੀ ਸਮਾਨ ਰੂਪ ਵਿਚ ਸੰਕਲਪਨਾ ਇਸੇ ਕਾਲ ਵਿਚ ਪ੍ਰਚਲਿਤ ਹੋਈ।

(ੳ) ਉਪਰੋਕਤ ਪੈਰ੍ਹੇ ਨੂੰ ਢੁਕਵਾਂ ਸਿਰਲੇਖ ਦਿਓ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

(ਅ) ਸੰਸਾਰ ਦਾ ਸਭ ਤੋਂ ਪਹਿਲਾ ਸ਼ਹਿਰੀ ਸਭਿਆਚਾਰ ਕਿਸ ਨੂੰ ਮੰਨਿਆ ਜਾਂਦਾ ਹੈ ?

(ੲ) ਹੜੱਪਾ ਕਾਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਕਿਹੜੀ ਸੀ ?

(ਸ) ਹੜੱਪਾ ਸਭਿਆਚਾਰ ਕਿਹੜੇ ਇਲਾਕੇ ਵਿਚ ਫੈਲਿਆ ਹੋਇਆ ਸੀ ?

(ਹ) ਹੜੱਪਾ ਕਾਲ ਦੇ ਲੋਕ ਕਿਹੜੀਆਂ ਕਲਾਵਾਂ ਵਿੱਚ ਮਾਹਿਰ ਸਨ ? 5

6. (ੳ) ਹੇਠ ਲਿਖੇ ਮੁਹਾਵਰਿਆਂ ਵਿਚੋਂ **ਪੰਜ** ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :

ਉਂਗਲਾਂ ਤੇ ਨਚਾਉਣਾ, ਅਸਮਾਨ ਨੂੰ ਟਾਕੀ ਲਾਉਣਾ, ਕੰਨ ਭਰਨੇ, ਅੱਖਾਂ ਅੱਗੇ ਹਨੇਰਾ ਛਾ ਜਾਣਾ, ਹੱਥ ਖੜੇ ਕਰਨੇ, ਦੰਦ ਖੱਟੇ ਕਰਨਾ, ਨੱਕ ਤੇ ਮੱਖੀ ਨਾ ਬੈਠਣ ਦੇਣੀ, ਮੱਥੇ ਵੱਟ ਪਾਉਣਾ। 5

(ਅ) ਹੇਠ ਲਿਖੇ ਅਖਾਣਾਂ ਵਿਚੋਂ **ਪੰਜ** ਅਖਾਣਾਂ ਨੂੰ ਵਾਕਾਂ ਵਿੱਚ ਵਰਤੋ :

ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ

ਅੰਨ੍ਹਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ

ਇਕ ਹੱਥ ਨਾਲ ਤਾੜੀ ਨਹੀਂ ਵੱਜਦੀ

ਸਾਈਆਂ ਕਿਤੇ ਵਧਾਈਆਂ ਕਿਤੇ

ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ

ਕਦੇ ਬਾਬੇ ਦੀਆਂ ਕਦੇ ਪੋਤੇ ਦੀਆਂ

ਖੂਹ ਦੀ ਮਿੱਟੀ ਖੂਹ ਨੂੰ ਲੱਗ ਗਈ

ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ 5



www.a2zpapers.com
www.a2zpapers.com
www.a2zpapers.com
oad free old Question papers gndu, ptu hp board, punjab